# ਰਸੂਲਾਂ ਦੇ ਕੰਮ:
# ਕੰਮ ਲਈ ਬੁਲਾਹਟ

ਫ਼ੁਰਤੀ ਨਾਲ ਕੀਤਾ ਗਿਆ ਕੰਮ ਰਸੂਲਾਂ ਦੇ ਕੰਮ ਨੂੰ ਚਾਰੇ ਪਾਸੇ ਫ਼ੈਲਾਅ ਦਿੰਦਾ ਹੈ! ਰਸੂਲਾਂ ਦੇ ਕੰਮ ਕਿਤਾਬ ਯਿਸੂ ਦੇ ਹਰ ਪੈਰੋਕਾਰ ਨੂੰ ਉਹਦੇ ਵੱਲੋਂ ਕੰਮ ਵਿਚ ਲੱਗੇ ਰਹਿਣ ਲਈ ਬੇਹੱਦ ਜ਼ਰੂਰੀ ਪੁਕਾਰ ਹੈ। ਇਸ ਕਿਤਾਬ ਦੇ ਨਾਂ ਤੋਂ ਹੀ ਪਤਾ ਲਗਦਾ ਹੈ ਕਿ ਰਸੂਲਾਂ ਨੇ ਉਸ ਕੰਮ ਨੂੰ ਜਿਹਦੇ ਲਈ ਪ੍ਰਭੂ ਨੇ ਉਨ੍ਹਾਂ ਨੂੰ ਸਿੱਖਿਅਤ ਕੀਤਾ ਸੀ ਅਤੇ ਕਰਨ ਦਾ ਹੁਕਮ ਦਿੱਤਾ ਸੀ, ਪਵਿੱਤਰ ਆਤਮਾ ਤੋਂ ਸ਼ਕਤੀ ਪਾ ਕੇ ਪੂਰਾ ਕੀਤਾ। ਕੋਈ ਵੀ, ਜੋ ਰਸੂਲਾਂ ਦੇ ਕੰਮ ਕਿਤਾਬ ਪੜ੍ਹ ਕੇ ਪ੍ਰਭੂ ਯਿਸੂ ਮਸੀਹ ਦੀ ਖ਼ੁਸ਼ਖ਼ਬਰੀ ਦੇ ਵਚਨ ਤੋਂ ਖੁੰਝਦਾ ਹੈ, ਉਹ ਇਸ ਕਿਤਾਬ ਦੀ ਮੁੱਖ ਸ਼ਕਤੀ ਤੋਂ ਖੁੰਝ ਜਾਂਦਾ ਹੈ!

## ਕੰਮ ਦਾ ਵਾਅਦਾ ਕੀਤਾ ਗਿਆ

ਯਿਸੂ ਨੇ ਆਪਣੇ ਰਸੂਲਾਂ ਨੂੰ ਕੁਝ ਹੁਕਮ ਦਿੱਤੇ ਸਨ (ਵੇਖੋ ਮੱਤੀ 28:18-20; ਮਰਕੁਸ 16:15, 16; ਲੂਕਾ 24:44-47)। ਉਹਨੇ ਪਵਿੱਤਰ ਆਤਮਾ ਦੇ ਆਉਣ ਬਾਰੇ ਵੀ ਕੁਝ ਵਾਅਦੇ ਕੀਤੇ ਸਨ (ਯੂਹੰਨਾ 16:7-14)। ਫਿਰ ਉਹ ਵਡਿਆਈ ਪਾਉਣ ਲਈ ਉੱਪਰ ਉਠਾ ਲਿਆ ਗਿਆ ਸੀ (ਰਸੂਲਾਂ ਦੇ ਕੰਮ 1:9-11)। ਜਿਵੇਂ ਯਿਸੂ ਨੇ ਵਾਅਦਾ ਕੀਤਾ ਸੀ, ਓਸੇ ਮੁਤਾਬਕ ਪਵਿੱਤਰ ਆਤਮਾ ਉਨ੍ਹਾਂ ਬਾਰ੍ਹਾਂ ਰਸੂਲਾਂ 'ਤੇ ਉਤਰਿਆ, ਜਿਸ ਨਾਲ ਉਨ੍ਹਾਂ ਦੇ ਰਸੂਲਪੁਣੇ ਦੇ ਕੰਮ 'ਤੇ ਮੁਹਰ ਲਗ ਗਈ ਸੀ (ਰਸੂਲਾਂ ਦੇ ਕੰਮ 2:1-4)। ਇਹ ਲੋਕ ਝੱਟ ਯਰੂਸ਼ਲਮ ਵਿਚ ਪਸਾਹ ਅਤੇ ਪਿੰਤੇਕੁਸਤ ਪਰਬਾਂ ਲਈ ਇਕੱਠੇ ਹੋਏ ਲੋਕਾਂ ਦੀਆਂ ਵੱਖੋ-ਵੱਖ ਜ਼ਬਾਨਾਂ ਵਿਚ ਜੀ ਉੱਠੇ ਯਿਸੂ ਦੀ ਖ਼ੁਸ਼ਖ਼ਬਰੀ ਦੀ ਸੱਚਾਈ ਦੱਸਣ ਲੱਗ ਪਏ। ਇਹ ਪਤਾ ਲੱਗਣ 'ਤੇ ਕਿ ਇਹ ਲੋਕ ਤਾਂ ਅਨਪੜ੍ਹ ਹਨ, ਲੋਕਾਂ ਦੀ ਭੀੜ ਉਨ੍ਹਾਂ ਨੂੰ ਕਈ ਜ਼ਬਾਨਾਂ ਵਿਚ ਲਗਾਤਾਰ ਬੋਲਦਿਆਂ ਸੁਣ ਕੇ ਦੰਗ ਰਹਿ ਗਏ ਸੀ। ਇੱਥੇ ਮਸੀਹ ਲਈ ਬਦਲਣ ਦੀ ਇਕ ਬਹੁਤ ਵੱਡੀ ਸ਼ੁਰੂਆਤ ਹੋਈ। ਇਹ ਇਸ ਲਈ ਹੋ ਸਕਿਆ ਕਿਉਂਕਿ ਰਸੂਲਾਂ ਨੇ ਯਿਸੂ ਦੀ ਇੱਛਾ ਪੂਰੀ ਕਰਦੇ ਹੋਏ ਕੰਮ ਕੀਤਾ (ਰਸੂਲਾਂ ਦੇ ਕੰਮ 2:4, 14, 40, 42)।

## ਕੰਮ ਦੀ ਤਸਵੀਰ

ਜਦ ਖ਼ੁਦਾ ਨੇ ਰਸੂਲਾਂ ਦੇ ਕੰਮਾਂ ਰਾਹੀਂ ਮਨੁੱਖ ਜਾਤੀ ਲਈ ਕਿਰਪਾ ਦੀ ਸ਼ਕਤੀ ਭੇਜੀ ਤਾਂ ਲੋਕਾਂ ਨੇ ਬੜੇ ਜੋਸ਼ ਨਾਲ ਉਸਨੂੰ ਕਸੂਲ ਕਰ ਲਿਆ (ਰਸੂਲਾਂ ਦੇ ਕੰਮ 4:33; ਅਫ਼ਸੀਆਂ 2:8, 9; ਤੀਤੁਸ 2:10, 11)। ਇੰਜੀਲ ਲਈ ਬਦਲਣ ਵਾਲੇ ਲੋਕ ਖਤਰਨਾਕ ਸਤਾਅ

ਸਹਿ ਕੇ ਵੀ ਓਸੇ ਵਕਤ ਲਗਨ ਨਾਲ ਕੰਮ ਕਰਨ ਵਾਲੇ ਬਣ ਗਏ; ਕਿਉਂਕਿ ਹਰ ਮਸੀਹੀ ਮਰਦ ਅਤੇ ਔਰਤ ਨੇ ਸਮਝ ਲਿਆ ਸੀ ਕਿ ਇੰਜੀਲ ਦੀ ਸਿੱਖਿਆ ਦੇਣਾ ਉਨ੍ਹਾਂ ਦਾ ਫ਼ਰਜ ਹੈ (ਰਸੂਲਾਂ ਦੇ ਕੰਮ 8:4)। ਰਸੂਲਾਂ ਦੇ ਨਾਲ ਮਸੀਹੀ ਬਣਨ ਵਾਲੇ ਇਨ੍ਹਾਂ ਲੋਕਾਂ ਦੇ ਬੇਹੱਦ ਜੋਸ਼ ਭਰੇ ਕੰਮਾਂ ਨਾਲ ਮੰਡਲੀਆਂ ਤੇਜ਼ੀ ਨਾਲ ਵਧਣ ਲੱਗੀਆਂ।

ਉਸ ਵਕਤ ਦੇ ਇਤਿਹਾਸ ਨੂੰ ਜਾਣਨ ਲਈ ਸਾਡੇ ਕੋਲ ਰਸੂਲਾਂ ਦੇ ਕੰਮ ਕਿਤਾਬ ਇਕ ਵਸੀਲੇ ਦੇ ਤੌਰ 'ਤੇ ਹੈ, ਅਤੇ ਇਸ ਨੂੰ ਹਰ ਕਿਸੇ ਲਈ ਖ਼ੁਦਾ ਦੀ ਕਿਰਪਾ ਦੀ ਪੇਸ਼ਕਸ਼ ਦੀ ਗੱਲ ਮੰਨਣ ਦੀ ਪੁਕਾਰ ਦੇ ਤੌਰ 'ਤੇ ਮੰਨਿਆ ਜਾਣਾ ਚਾਹੀਦਾ ਹੈ। ਸਾਡੇ ਕੋਲ ਰਸੂਲਾਂ ਦੇ ਕੰਮ ਦਾ ਇੱਕੋ ਇਕ ਦਸਤਾਵੇਜ਼ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਪ੍ਰਭੂ ਦੀ ਕੀਲੀਸੀਆ ਦੇ ਸ਼ੁਰੂਆਤੀ ਤੀਹ ਸਾਲਾਂ ਵਿਚ ਕਿਹੋ ਜਿਹੇ ਫ਼ਜ਼ਲ ਦੀ ਪੇਸ਼ਕਸ਼ ਕੀਤੀ ਗਈ ਅਤੇ ਇਹਨੂੰ ਕਬੂਲ ਕੀਤਾ ਗਿਆ। ਇਹ ਇਤਿਹਾਸ ਦੀ ਕਿਤਾਬ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਮਸੀਹੀ ਲੋਕਾਂ ਨੇ ਮਸੀਹ ਲਈ ਕੰਮ ਕੀਤਾ ਅਤੇ ਕਿਵੇਂ ਰਸੂਲਾਂ ਨੇ ਖ਼ੁਦਾ ਦੇ ਫ਼ਜ਼ਲ ਨੂੰ ਮੰਨਣ ਲਈ ਲੋਕਾਂ ਨੂੰ ਦੱਸਿਆ। ਇਹ ਕਿਤਾਬ ਪੂਰੀ ਦੁਨੀਆਂ ਵਿਚ ਇੰਜੀਲ ਦੀ ਮੁਨਾਦੀ ਕਰਨ ਦੀ ਮਸੀਹੀ ਲੋਕਾਂ ਦੀ ਜ਼ਬਰਦਸਤ ਇੱਛਾ ਦਾ ਇਤਿਹਾਸ ਹੈ।

ਕਿਤਾਬ ਦੀ ਮੂਲ ਯੋਜਨਾ ਵਿਚ ਇਹ ਵਿਖਾਉਣਾ ਸ਼ਾਮਿਲ ਹੈ ਕਿ ਜਿਸ ਕੰਮ ਲਈ ਯਿਸੂ ਮਰਿਆ ਉਹ ਪੂਰਾ ਹੋ ਚੁਕਿਆ ਸੀ। ਵਰਨਾ ਐਨੇ ਉਪਦੇਸ਼ ਲਿਖਣ ਦੀ ਕੀ ਲੋੜ ਸੀ? ਮਨਬਦਲੀਆਂ ਦੀਆਂ ਐਨੀਆਂ ਘਟਨਾਵਾਂ ਕਿਉਂ ਲਿਖੀਆਂ ਜਾਂਦੀਆਂ? ਇਹਦਾ ਲੇਖਕ ਰਸੂਲਾਂ ਦੇ ਖ਼ੁਸ਼ਖ਼ਬਰੀ ਸੁਣਾਉਣ ਦੇ ਕੰਮ ਨੂੰ ਐਨੀ ਨੇੜਿਓਂ ਕਿਉਂ ਵੇਖਦਾ?

ਰਸੂਲਾਂ ਦੇ ਕੰਮ ਕਿਤਾਬ ਦੀ ਯੋਜਨਾ ਇਹ ਵਿਖਾਉਣਾ ਸੀ ਕਿ ਸ਼ੁਰੂ 'ਚ ਮਸੀਹ ਨਾਲ ਕਿਸੇ ਦਾ ਸਬੰਧ ਕਿਹੋ ਜਿਹਾ ਹੁੰਦਾ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਖ਼ੁਦਾ ਨੇ ਰੌਸ਼ਨੀ ਵਿਖਾਈ ਹੈ। ਇਸ ਵਿਚ ਖ਼ੁਦਾ ਦੀ ਮਰਜ਼ੀ ਪੂਰਾ ਕਰਨ ਅਤੇ ਉਹਦੇ ਹੁਕਮ ਮੰਨਣ ਵਾਲਿਆਂ ਲਈ ਪਾਪਾਂ ਦੀ ਮਾਫ਼ੀ ਅਤੇ ਸਵਰਗ ਦੀ ਆਸ ਦੀ ਖ਼ੁਦਾ ਵੱਲੋਂ ਆਖ਼ਰੀ ਪੇਸ਼ਕਸ਼ ਲਿਖੀ ਗਈ ਹੈ। ਇਹ ਕਿਤਾਬ ਉਨ੍ਹਾਂ ਕੰਮਾਂ ਬਾਰੇ ਦੱਸਦੀ ਹੈ ਜਿਨ੍ਹਾਂ ਤੋਂ ਹਰ ਪੀੜ੍ਹੀ ਵਿਚ ਅਸਮਾਨ ਦਾ ਖ਼ੁਦਾ ਖ਼ੁਸ਼ ਹੋਵੇਗਾ।

ਐਨੀਆਂ ਧਮਕੀਆਂ ਅਤੇ ਸਤਾਅ ਸਹਿ ਕੇ ਵੀ ਰਸੂਲ ''ਖ਼ੁਸ਼ਖਬਰੀ ਸੁਣਾਉਣ ਤੋਂ ਨਾ ਹਟੇ ਭਈ ਯਿਸੂ ਉਹੀ ਮਸੀਹ ਹੈ'' (ਰਸੂਲਾਂ ਦੇ ਕੰਮ 5:42)। ਉਨ੍ਹਾਂ ਨੇ ਇਹੀ ਮਹਿਸੂਸ ਕੀਤਾ ਕਿ ਕਲੀਸੀਆ ਨੂੰ ਗੁਆਚੇ ਹੋਇਆਂ ਵਿਚ ਬਚਾਏ ਜਾਣ ਦੀ ਖ਼ੁਸ਼ਖ਼ਬਰੀ ਦੇ ਪ੍ਰਚਾਰ ਅਤੇ ਸਿੱਖਿਆ ਦੇਣ ਦਾ ਬਹੁਤ ਵੱਡਾ ਜ਼ਿੰਮਾ ਸੌਂਪਿਆ ਗਿਆ ਹੈ। ਕਲੀਸੀਆ ਦੀ ਸ਼ੁਰੂਆਤ ਅਤੇ ਉਹਨੂੰ ਵਜੂਦ ਵਿਚ ਲਿਆਉਣ ਦਾ ਹੋਰ ਕੋਈ ਕਾਰਣ ਨਹੀਂ ਦਿੱਤਾ ਗਿਆ।

ਰਸੂਲ ਜ਼ਿੰਦਾ ਅਤੇ ਸਾਹ ਲੈਣ ਵਾਲੀਆਂ ''ਪ੍ਰਚਾਰ ਕਰਨ ਦੀਆਂ ਮਸ਼ੀਨਾਂ'' ਸਨ। ਉਨ੍ਹਾਂ ਨੇ ਆਪਣੇ ਆਪ ਨੂੰ ਯਿਸੂ ਲਈ ਕੁਰਬਾਨੀ ਦੀਆਂ ਵੇਦੀਆਂ 'ਤੇ ਚੜ੍ਹਾ ਦਿੱਤਾ ਸੀ ਅਤੇ ਆਪਣੀਆਂ ਜ਼ਿੰਦਗੀਆਂ ਸਿਰਫ਼ ਓਹੀ ਕਰਨ ਲਈ ਦੇ ਦਿੱਤੀਆਂ ਸਨ ਜੋ ਯਿਸੂ ਨੇ ਉਨ੍ਹਾਂ ਨੂੰ ਸਿਖਾਇਆ ਸੀ, ਉਨ੍ਹਾਂ ਨੂੰ ਸ਼ਕਤੀ ਦਿੱਤੀ ਸੀ ਅਤੇ ਉਨ੍ਹਾਂ ਤੋਂ ਉਹ ਕੰਮ ਕਰਨ ਦੀ ਇੱਛਾ ਕੀਤੀ ਸੀ। ਜੇ ਕਲੀਸੀਆ ਦੇ ਲੋਕ ਰਸੂਲਾਂ ਦੇ ਕੰਮ ਕਿਤਾਬ ਨੂੰ ਚੰਗੀ ਤਰ੍ਹਾਂ ਪੜ੍ਹਨ, ਇਸ ਕਿਤਾਬ ਦੇ ਬੁਨਿਆਦੀ ਜ਼ੋਰ ਨੂੰ ਸਮਝਣ, ਮਨਬਦਲੀ ਦੀਆ ਕਹਾਣੀਆਂ ਨੂੰ ਸਹੀ ਤਰੀਕੇ ਨਾਲ ਅਮਲ ਵਿਚ ਲਿਆਉਣ ਅਤੇ ਉਨ੍ਹਾਂ ਮੰਸ਼ਾਵਾਂ ਨੂੰ ਵੇਖਣ ਕਿ ਖ਼ੁਦਾ ਆਪਣੇ ਮਹਾਨ ਕੰਮ ਨੂੰ ਜਾਰੀ ਰੱਖਣ

ਲਈ ਉਨ੍ਹਾਂ 'ਤੇ ਹੀ ਨਿਰਭਰ ਹੈ ਤਾਂ ਉਨ੍ਹਾਂ ਨੂੰ ਸਮਝ ਆਵੇਗੀ ਕਿ ਅੱਜ ਮਸੀਹੀ ਲੋਕਾਂ ਦੀ ਸੁਸਤੀ ਇਕ ਰੂਹਾਨੀ ਜੁਰਮ ਹੈ।

## ਕੰਮ ਦੀ ਪੇਸ਼ਕਸ਼ ਦਿੱਤੀ ਗਈ

ਪੂਰੀ ਕਿਤਾਬ ਵਿਚ ਹੀ ਉਨ੍ਹਾਂ ਕੰਮਾਂ ਦੀ ਲੜੀ ਦੀਆਂ ਸਾਫ਼ ਉਦਾਹਰਣਾਂ ਮਿਲਦੀਆਂ ਹਨ, ਜਿਸ ਨਾਲ ਉਸ ਵਕਤ ਦੇ ਲੋਕ ਬਚਾਏ ਗਏ ਸਨ ਅਤੇ ਉਹੀ ਕੰਮ ਅੱਜ ਵੀ ਸਾਡੇ ਬਚਾਏ ਜਾਣ ਦਾ ਕਾਰਣ ਬਣਦੇ ਹਨ। (1) ਸੱਚਾਈ ਨੂੰ ਜਾਣਨ ਵਾਲਿਆਂ ਭਾਵ ਰਸੂਲਾਂ ਨੇ ਇਸ ਨੂੰ ਹੋਰ ਲੋਕਾਂ ਨੂੰ ਦੱਸਿਆ; (2) ਜਿਨ੍ਹਾਂ ਲੋਕਾਂ ਵਿਚ ਇਸ ਨੂੰ ਖ਼ੁਸ਼ਖ਼ਬਰੀ ਨਾਲ ਪੇਸ਼ ਕੀਤਾ ਗਿਆ, ਉਨ੍ਹਾਂ ਨੇ ਇਸ ਨੂੰ ਸੱਚ ਮੰਨ ਕੇ ਕਬੂਲ ਕੀਤਾ ਅਤੇ ਇਸ 'ਤੇ ਵਿਸ਼ਵਾਸ ਕੀਤਾ; (3) ਵਿਸ਼ਵਾਸ ਕਰਨ ਵਾਲਿਆਂ ਨੇ ਆਪਣੇ ਪਾਪਾਂ ਤੋਂ ਤੌਬਾ ਕੀਤੀ; (4) ਪਸ਼ਚਾਤਾਪੀ ਵਿਸ਼ਵਾਸੀਆਂ ਨੇ ਯਿਸੂ ਨੂੰ ਮਸੀਹ ਮੰਨ ਕੇ ਉਸ 'ਤੇ ਵਿਸ਼ਵਾਸ ਨੂੰ ਮੰਨਿਆ; (5) ਇਕਰਾਰ ਕਰਨ ਵਾਲੇ, ਪਸ਼ਚਾਤਾਪੀ ਵਿਸ਼ਵਾਸੀਆਂ ਨੂੰ ਮਸੀਹ ਵਿਚ ਬਪਤਿਸਮਾ ਦਿੱਤਾ ਗਿਆ ਅਤੇ (6) ਬਪਤਿਸਮਾ ਲੈਣ ਵਾਲੇ ਮਸੀਹੀ ਲੋਕਾਂ ਨੇ ਹੋਰ ਲੋਕਾਂ ਨੂੰ ਇੰਜੀਲ ਦੱਸਣ ਦੇ ਆਪਣੇ ਫ਼ਰਜ ਨੂੰ ਕਬੂਲ ਕੀਤਾ।

ਮਸੀਹੀ ਲੋਕਾਂ ਨੂੰ ਰੂਹਾਂ ਜਿੱਤਣ ਦੇ ਕੰਮ ਵਿਚ ਲੱਗਣਾ ਚਾਹੀਦਾ ਹੈ, ਪਰ ਅੱਜ ਬਹੁਤ ਸਾਰੀਆਂ ਮੰਡਲੀਆਂ ਵਿਚ ਇਸ ਤਰ੍ਹਾਂ ਦੇ ਕੰਮ ਦਾ ਜੋਸ਼ ਨਜ਼ਰ ਨਹੀਂ ਆਉਂਦਾ। ਕਲੀਸੀਆ ਦੇ ਲੋਕਾਂ ਵਿਚ ਸਭ ਤੋਂ ਵੱਧ ਦਰ ਉਨ੍ਹਾਂ ਬੇਕਾਰ ਲੋਕਾਂ ਦੀ ਹੈ ਜੋ ਪ੍ਰਭੂ ਲਈ ਕੰਮ ਨਹੀਂ ਕਰਦੇ। ਕਲੀਸੀਆ ਦੀਆਂ ਮੰਡਲੀਆਂ ਦੁਨੀਆਂ ਦੀ ਸਭ ਤੋਂ ਮਾੜੀ ਕਲਿਆਣਕਾਰੀ ਹਾਲਤ ਵਿਚ ਹਨ; ਬਹੁਤ ਸਾਰੇ ਲੋਕ ਆਪਣੇ ਜਾਣਪਛਾਣ ਦੇ ਲੋਕਾਂ ਵਿਚ ਸੱਚਾਈ ਦੀ ਸਿੱਖਿਆ ਦੇਣ ਦੀ ਪਹਿਲ ਕਰਨ ਦੀ ਖ਼ਾਹਿਸ਼ ਦਾ ਇਨਕਾਰ ਕਰਕੇ ਰੂਹਾਨੀ ਤੌਰ 'ਤੇ ਨਿਰਭਰ ਹੋ ਗਏ ਹਨ। ਕਿਸੇ ਗੁਆਂਢੀ ਜਾਂ ਦੋਸਤ ਨਾਲ ਇੰਜੀਲ ਦੀ ਗੱਲ ਕਰਨ ਦਾ ਕੋਈ ਪੈਸਾ ਨਹੀਂ ਲਗਦਾ, ਪਰ ਮਸੀਹੀ ਲੋਕ ਦੂਜਿਆਂ ਦੀਆਂ ਰੂਹਾਂ ਵਿਚ ਨਿਵੇਸ਼ ਕਰਨ ਵਿਚ ਨਾਕਾਮ ਰਹਿੰਦੇ ਹਨ।

ਅੱਜ ਮਸੀਹੀਅਤ ਦੀ ਸਟੇਜ 'ਤੇ ਬਹੁਤ ਸਾਰੇ ਬੇਕਾਰ ਨਾਇਕ ਹਨ। ਮੈਂ ਹਰ ਮੰਡਲੀ ਦੇ ਐਲਡਰਾਂ ਤੋਂ ਪੁੱਛਦਾ ਹਾਂ ਕਿ ਜੇ ਰਸੂਲਾਂ ਦੇ ਕੰਮ 2 ਅਧਿਆਇ ਵਾਲੀ ਯਰੂਸ਼ਲਮ ਦੀ ਮੰਡਲੀ ਵਾਂਗ ਦੁਨੀਆਂ ਭਰ ਵਿਚ ਸਿਰਫ਼ ਉਹੀ ਮੰਡਲੀ ਹੋਵੇ ਜਿਸ ਵਿਚ ਉਹ ਸੇਵਾ ਕਰਦੇ ਹਨ, ਤਾਂ ਕੀ ਕਰਨਗੇ? ਜੇ ਤੁਹਾਡੀ ਮੰਡਲੀ ਇੰਜੀਲ ਦੀ ਮੁਨਾਦੀ ਵਿਚ ਇੰਜ ਹੀ ਕੰਮ ਕਰਦੀ ਰਹੇ ਤਾਂ ਦੁਨੀਆਂ ਨੂੰ ਮਸੀਹ ਦਾ ਪਤਾ ਕਿਵੇਂ ਲੱਗੇਗਾ? ਜੇ ਮੰਡਲੀ ਵਿਚ ਹਰ ਬੰਦਾ ਆਪਣੇ ਤਰੀਕੇ ਨਾਲ ਹੀ ਰੂਹ ਜਿੱਤਣ ਵਾਲਾ ਹੋਵੇ ਤਾਂ ਕੀ ਹੋਵੇਗਾ? ਇਸ ਸਾਲ ਮਸੀਹ ਲਈ ਕਿੰਨੀਆਂ ਰੂਹਾਂ ਜਿੱਤੀਆਂ ਜਾਣਗੀਆਂ?

ਪ੍ਰਚਾਰਕੋ: ਜੇ ਮੰਡਲੀ ਦੇ ਇਕ ਦਰਜਨ ਮੈਂਬਰਾਂ ਨੇ ਰੂਹਾਂ ਜਿੱਤਣ ਦੇ ਤੁਹਾਡੇ ਰਿਕਾਰਡ ਦੀ ਨਕਲ ਕਰਨੀ ਹੋਵੇ ਤਾਂ ਭਲਾ ਅਗਲੇ ਛੇ ਮਹੀਨਿਆਂ ਵਿਚ ਮਸੀਹ ਵਿਚ ਬਹੁਤ ਸਾਰੇ ਲੋਕ ਬਪਤਿਸਮਾ ਲੈ ਲੈਣਗੇ?

ਡੀਕਨੋ: ਜੇ ਤੁਸੀਂ ਉਨ੍ਹਾਂ ਖ਼ਾਸ ਜ਼ਿੰਮੇਵਾਰੀਆਂ ਦੀ ਸੂਚੀ ਬਣਾਓ ਜੋ ਤੁਸਾਂ ਇਸ ਸਾਲ ਸਥਾਨਕ ਮੰਡਲੀ ਲਈ ਪੂਰੀਆਂ ਕੀਤੀਆਂ, ਤਾਂ ਤੁਹਾਡੇ ਕੰਮਾਂ ਦੇ ਨਤੀਜੇ ਵਜੋਂ ਸਿੱਧੇ ਜਾਂ ਅਸਿੱਧੇ ਤੌਰ 'ਤੇ ਇੰਜੀਲ ਨੂੰ ਕਬੂਲ ਕਰਨ ਵਾਲੀਆਂ ਕਿੰਨੀਆਂ ਰੂਹਾਂ ਹੋਣਗੀਆਂ?

ਮੰਡਲੀਆਂ ਦੇ ਲੋਕੋ: ਭਲਾ ਤੁਸੀਂ ਆਪਣੇ ਰੂਹਾਨੀ ਥਰਮਾਮੀਟਰ ਬਾਰੇ ''ਪਿਆਰ ਅਤੇ

ਚਿੰਤਾ ਦਾ ਤਾਪਮਾਨ'' ਲੈਣਾ ਚਾਹੋਗੇ? ਪਿਛਲੇ ਸਾਲ ਤੁਸੀਂ ਕਿਸੇ ਗੁਆਚੀ ਹੋਈ ਰੂਹ ਲਈ ਐਨੀ ਫ਼ਿਕਰ ਕੀਤੀ ਕਿ ਤੁਸੀਂ ਉਨ੍ਹਾਂ ਵਿੱਚੋਂ ਕਿਸੇ ਨੂੰ ਖ਼ੁਸਖ਼ਬਰੀ ਸੁਣਾਈ? ਭਲਾ ਪਿੱਛੇ ਬੈਠ ਕੇ ਵੇਖਣ ਵਾਲੇ ਉਨ੍ਹਾਂ ਬੇਕਾਰ ਮੈਂਬਰਾਂ ਅਤੇ ਸਰੋਤਿਆਂ ਵਿੱਚੋਂ ਦਰਸ਼ਕ ਸਨ? ਭਲਾ ਤੁਹਾਨੂੰ ਪ੍ਰਭੂ ਦੇ ਲਾਭ ਲਈ ਕੁਝ ਕੀਤੇ ਬਗ਼ੈਰ ਲਈ ਆਪਣੇ ਭਾਈਆਂ ਦੀ ਸੰਗਤੀ ਦਾ ਲਾਭ ਮਿਲ ਗਿਆ?

ਮੰਡਲੀਓ: ਭਲਾ ਤੁਸੀਂ ਮਸੀਹ ਦੀ ਸਿੱਖਿਆ ਨਾਲ ''ਯਰੂਸ਼ਲਮ'' (ਤੁਹਾਡੇ ਆਪਣੇ ਮੁਹੱਲੇ, ਸ਼ਹਿਰ, ਦੇਸ਼, ਰਾਜ ਜਾਂ ਇਲਾਕੇ) ਨੂੰ ਭਰ ਦਿੱਤਾ ਹੈ (ਰਸੂਲਾਂ ਦੇ ਕੰਮ 5:28)? ਰਸੂਲਾਂ ਦੇ ਕੰਮ ਕਿਤਾਬ ਵਿਚ ਲਿਖਿਆ ਹੈ ਕਿ ਪਹਿਲੀ ਸਦੀ ਦੇ ਮਸੀਹੀ ਲੋਕਾਂ ਨੇ ਇਹੀ ਕੀਤਾ ਸੀ। ਜੇ ਤੁਸੀਂ ਵਚਨ ਨੂੰ ਫ਼ੈਲਾ ਨਹੀਂ ਰਹੇ ਤਾਂ ਕੀ ਕਾਰਣ ਹੈ?

ਬਹੁਤ ਸਾਰੀਆਂ ਮੰਡਲੀਆਂ ''ਵਿਸ਼ਵਾਸ ਦੇ ਬੁਰਜ'' ਹੁੰਦੇ ਹੋਏ ''ਵਚਨ ਨੂੰ (ਆਪਣੇ ਆਪ ਵਿਚ) ਫੜ੍ਹੇ'' ਰੱਖ ਕੇ ਆਪਣੇ ਲਈ ਸੁੱਖ ਪਾ ਲੈਂਦੀਆਂ ਹਨ। ਭਲਾ ਇਹ ਮੰਡਲੀਆਂ ਕਦੇ ਰਸੂਲਾਂ ਦੇ ਕੰਮ ਦੇ ਉਪਦੇਸ਼ 'ਤੇ ਵਿਚਾਰ ਕਰਕੇ ਯਿਸੂ ਲਈ ''ਖ਼ੁਸ਼ਖ਼ਬਰੀ ਦੇ ਪ੍ਰਚਾਰ ਦੇ ਬੁਰਜ'' ਬਣਨਗੀਆਂ?

ਬਹੁਤ ਸਾਰੇ ਲੋਕ ਆਪਣੇ ਆਪ ਨੂੰ ਇਹ ਸੋਚ ਕੇ ਬੇਵਕੂਫ਼ ਬਣਾਉਂਦੇ ਹਨ ਕਿ ''ਕਲੀਸੀਆ ਦੇ ਕੰਮ'' ਸਿਰਫ਼ ਬੰਦਗੀਆਂ ਅਤੇ ਬਾਈਬਲ ਕਲਾਸਾਂ ਦਾ ਇੰਤਜ਼ਾਮ ਕਰਨਾ ਹੀ ਹੈ, ਬਹੁਤ ਸਾਰੇ ਮਰਦਾਂ ਅਤੇ ਔਰਤਾਂ ਦਾ ਮੰਨਣਾ ਹੈ ਕਿ ਬਾਈਬਲ ਕਲਾਸ ਵਿਚ ਸਿੱਖਿਆ ਦੇਣ ਵਿਚ ਮਦਦ ਕਰਕੇ ਜਾਂ ਬੰਦਗੀ ਦੀ ਤਿਆਰੀ ਵਿਚ ਕਿਸੇ ਤਰ੍ਹਾਂ ਯੋਗਦਾਨ ਪਾ ਕੇ ਕਲੀਸੀਆ ਦੀ ਸੇਵਾ ਦਾ ਉਨ੍ਹਾਂ ਦਾ ਕੰਮ ਪੂਰਾ ਹੋ ਜਾਂਦਾ ਹੈ। ਅਜਿਹਾ ਕਰਨਾ ਬੇਸ਼ੱਕ ਚੰਗਾ ਅਤੇ ਸਹੀ ਹੈ, ਪਰ ਇਸ ਨਾਲ ਕਲੀਸੀਆ ਦਾ ਮੁੱਖ ਮਕਸਦ ਪੂਰਾ ਨਹੀਂ ਹੋ ਜਾਂਦਾ। ਕਲੀਸੀਆ ਦੀ ਯੋਜਨਾ ਸਿਰਫ਼ ਇਕੱਠੇ ਹੋ ਕੇ ਬੰਦਗੀ ਕਰਨ ਲਈ ਨਹੀਂ ਸਗੋਂ ਪ੍ਰੇਮ ਅਤੇ ਭਲਿਆਈ ਦੇ ਕੰਮਾਂ ਨੂੰ ਉਤਸ਼ਾਹਿਤ ਕਰਨ ਲਈ ਬਣਾਈ ਗਈ ਸੀ (ਇਬਰਾਨੀਆਂ 10:24, 25)। ਕਲੀਸੀਆ ਨੂੰ ''ਸੱਚਿਆਈ ਦਾ ਥੰਮ੍ਹ ਅਤੇ ਨੀਂਹ'' (1 ਤਿਮੋਥਿਉਸ 3:15) ਬਣ ਕੇ ਕੰਮ ਪੂਰਾ ਕਰਨ ਦੀ ਲੋੜ ਹੈ। ਬਹੁਤ ਸਾਰੀਆਂ ਮੰਡਲੀਆਂ ''ਸਚਿਆਈ ਦੇ *ਸਰ੍ਹਾਣੇ*'' ਬਣ ਗਈਆਂ ਹਨ ਭਾਵ ਉਹ ਕੰਮ ਵੇਲੇ ਸੌਂਦੀਆਂ ਹਨ। ਉਨ੍ਹਾਂ ਨੂੰ ਪੂਰੀ ਦੁਨੀਆਂ ਵਿਚ ਇੰਜੀਲ ਨੂੰ ਫ਼ੈਲਾਉਣ ਲਈ ''ਸ਼ਕਤੀ ਦੇ *ਥੰਮ੍ਹ*'' ਬਣਨ ਦੀ ਲੋੜ ਹੈ।

ਜੇ ਅਸੀਂ ਅਜਿਹੀ ਘੜੀ ਖਰੀਦੀਏ ਜੋ ਸਹੀ ਸਮਾਂ ਨਾ ਦਿੰਦੀ ਹੋਵੇ, ਤਾਂ ਕੀ ਹੋਵੇਗਾ? ਆਮ ਤੌਰ 'ਤੇ ਇਹੀ ਹੁੰਦਾ ਹੈ ਕਿ ਅਸੀਂ ਵੇਖਾਂਗੇ ਕਿ ਜਿਸ ਕੰਮ ਲਈ ਇਸ ਨੂੰ ਖਰੀਦਿਆ ਗਿਆ ਸੀ, ਭਾਵ ਸਮਾਂ ਵੇਖਣ ਲਈ, ਮੁਰੰਮਤ ਦੇ ਬਾਅਦ ਉਸ ਨੂੰ ਇਹ ਘੜੀ ਕਰ ਸਕਦੀ ਹੈ ਜਾਂ ਨਹੀਂ ਭਾਵ ਸਹੀ ਸਮਾਂ ਦੱਸ ਸਕਦੀ ਹੈ ਜਾਂ ਨਹੀਂ। ਜੇ ਬਾਰ-ਬਾਰ ਮੁਰੰਮਤ ਕਰਾਉਣ ਦੇ ਬਾਵਜੂਦ ਉਹ ਘੜੀ ਸਹੀ ਵਕਤ ਨਾ ਦੇਵੇ ਤਾਂ ਉਹਨੂੰ ਸੁੱਟਣਾ ਹੀ ਪਵੇਗਾ।

ਫਿਰ ਉਸ ਮੰਡਲੀ ਬਾਰੇ ਜੋ ਇੰਜੀਲ ਦਾ ਪ੍ਰਚਾਰ ਨਹੀਂ ਕਰਦੀ, ਕੀ ਮੰਨਣਾ ਚਾਹੀਦਾ ਹੈ ਕਿ ਖ਼ੁਦਾ ਉਹਦੇ ਨਾਲ ਕਿਵੇਂ ਕਰੇਗਾ? ਭਲਾ ਉਹ ਸਾਥੋਂ ਉਸ ਨਾਲੋਂ ਵੱਧ ਖ਼ੁਸ਼ ਹੁੰਦਾ ਹੈ ਜਿੰਨਾਂ ਅਸੀਂ ਇਕ ਘੜੀ ਨਾਲ ਹੁੰਦੇ ਹਾਂ? ਜੇ ਕੋਈ ਕਲੀਸੀਆ ਸਮਾਜ ਵਿਚ ਆਪਣਾ ਅਸਰ ਨਹੀਂ ਛੱਡਦੀ, ਤਾਂ ਹੋ ਸਕਦਾ ਹੈ ਕਿ ਕਿਆਮਤ ਵਾਲੇ ਦਿਨ ਖ਼ੁਦਾ ਉਸ ਨੂੰ ਖ਼ਰਾਬ ਘੜੀ ਵਾਂਗ ਸੁੱਟ ਦੇਵੇ। ਯਾਦ ਰੱਖੋ ਕਿ ਮੰਡਲੀਆਂ ਨੂੰ ਸਮੂਹਕ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਉਦਾਹਰਣ ਲਈ, ਅਸੀਆ ਦੀਆਂ ਸੱਤ ਮੰਡਲੀਆਂ, ਜਿਨ੍ਹਾਂ ਨੂੰ ਪ੍ਰਭੂ ਨੇ ਪ੍ਰਕਾਸ਼ ਦੀ ਪੋਥੀ 1 ਤੋਂ

3 ਵਿਚ ਆਪ ਸੰਬੋਧਨ ਕੀਤਾ ਸੀ।

ਖ਼ੁਦਾ ਕੋਲ ਕਿਸੇ ਮੰਡਲੀ ਲਈ ਇਸ ਨਾਲੋਂ ਵੱਡਾ ਮਿਸ਼ਨ ਹੋਰ ਕੀ ਹੋ ਸਕਦਾ ਹੈ? ਇਹੀ ਉਹ ਸਮਾਂ ਹੈ ਕਿ ਅਸੀਂ ਸਥਾਨਕ ਸਮਾਜਾਂ ਵਿਚ ਆਪਣਾ ਅਸਰ ਛੱਡਣ ਅਤੇ ਬਾਕੀ ਦੁਨੀਆਂ ਵਿਚ ਇੰਜੀਲ ਦੇ ਪ੍ਰਚਾਰ ਵਿਚ ਮਦਦ ਲਈ ਆਪਣੀ ਰੂਹਾਨੀ ਤਾਪਮਾਨ ਦੀ ਵਰਤੋਂ ਕਰੀਏ।

ਇਹ ਸਮਾਂ ਰੁਕ ਕੇ ਵਿਚਾਰ ਕਰਨ ਦਾ ਹੈ ਕਿ ਮਸੀਹ ਵਿਚ ਇਕ ਰੂਹ ਨੂੰ ਬਪਤਿਸਮਾ ਦੇਣ ਲਈ ਕਿੰਨੇ ਲੋਕਾਂ ਦੀ ਲੋੜ ਹੈ। ਪਿਛਲੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਵਿਚ ਕਲੀਸੀਆਵਾਂ ਆਮ ਤੌਰ 'ਤੇ ਦਸ ਫ਼ੀਸਦੀ ਦੀ ਔਸਤ ਨਾਲ ਵਧੀਆਂ ਹਨ। ਯਾਨੀ ਕਿਸੇ ਖ਼ਾਸ ਸਾਲ ਵਿਚ ਤੁਸੀਂ ਇਕ ਕਲੀਸੀਆ ਤੋਂ ਆਪਣੀ ਮੈਂਬਰਸ਼ਿਪ ਦੇ ਦਸ ਫ਼ੀਸਦੀ ਦੇ ਬਰਾਬਰ ਲੋਕਾਂ ਦਾ ਬਪਤਿਸਮਾ ਹੋਣ ਦੀ ਉਮੀਦ ਕਰ ਸਕਦੇ ਹੋ। (ਉਦਾਹਰਣ ਲਈ, ਜਿਸ ਮੰਡਲੀ ਵਿਚ ਤਿੰਨ ਸੌ ਮੈਂਬਰ ਹਨ ਆਮਤੌਰ 'ਤੇ ਉਸ ਵਿਚ ਸਾਲ ਵਿਚ ਲਗਭਗ 30 ਬਪਤਿਸਮੇ ਹੋਣਗੇ।) ਪਰ ਮੰਡਲੀਆਂ ਵਿਚ ਬਹੁਤ ਸਾਰੇ ਬੱਚੇ ਵੱਡੇ ਹੁੰਦੇ ਹਨ ਜਿਨ੍ਹਾਂ ਦਾ ਬਪਤਿਸਮਾ ਹੁੰਦਾ ਹੈ, ਜਿਸ ਕਰਕੇ 10 ਫ਼ੀਸਦੀ ਵਾਧੇ ਦੀ ਦਰ ਤੋਂ ਭਾਵ ਜ਼ਰੂਰੀ ਨਹੀਂ ਕਿ ਉਸ ਸਮਾਜ ਦੇ ਲੋਕ ਬੁਰਾਈ ਅਤੇ ਪਾਪ ਨੂੰ ਛੱਡ ਦੇ ਮਸੀਹ ਦਾ ਹੁਕਮ ਮੰਨ ਰਹੇ ਹਨ। ਉਨ੍ਹਾਂ ਪਰਿਵਾਰਾਂ ਵਿਚ ਸਿੱਖਿਆ ਦੇਣਾ ਜੋ ਕਲੀਸੀਆ ਨਾਲ ਜੁੜੇ ਹਨ, ਯਕੀਨਨ ਹੀ ਸਲਾਹੁਣਯੋਗ ਕੰਮ ਹੈ, ਪਰ ਐਨੀ ਹੌਲੀ ਫ਼ੀਸਦੀ ਦਰ ਇੰਜੀਲ ਦੇ ਪ੍ਰਚਾਰ ਦੇ ਆਲਸ ਦੀ ਕਹਾਣੀ ਦੱਸਦੀ ਹੈ। ਕਲੀਸੀਆਵਾਂ ਸ਼ਾਇਦ ਬਾਹਰ ਨਿੱਕਲਣ ਦੇ ਡਰੋਂ ਅਤੇ ਪ੍ਰਭੂ ਲਈ ਮਜ਼ਬੂਤ ਹੋ ਕੇ ਆਪਣੀਆਂ ਯੋਗਤਾਵਾਂ ਨੂੰ ਦਫ਼ਨ ਕਰ ਰਹੀਆਂ ਹਨ।

ਜੇ ਸਥਾਨਕ ਸਮਾਜਾਂ ਵਿਚ ''ਬਾਹਰ ਦੇ'' ਲੋਕਾਂ ਨੂੰ ਸਿਖਾਉਣ ਅਤੇ ਬਪਤਿਸਮਾ ਦੇਣ ਦੇ ਇੰਜੀਲ ਦੇ ਪ੍ਰਚਾਰ ਦੇ ਨਤੀਜੇ ਸਹੀ-ਸਹੀ ਦੱਸੇ ਜਾਣ ਤਾਂ ਅਮਰੀਕਾ ਦੀਆਂ ਬਹੁਤ ਸਾਰੀਆਂ ਮੰਡਲੀਆਂ ਦੰਗ ਰਹਿ ਜਾਣਗੀਆਂ। ਇਸ ਲਈ ਸਾਲ ਵਿਚ ਸੌ ਬਪਤਿਸਮੇ ਦੇਣ ਦੀ ਗੱਲ ਕਹਿਣ ਵਾਲੀਆਂ ਮੰਡਲੀਆਂ ਵੀ ਇਹ ਜਾਣਕੇ ਪਰੇਸ਼ਾਨ ਹੋ ਜਾਣਗੀਆਂ ਕਿ ਉਨ੍ਹਾਂ ਸੌ ਵਿੱਚੋਂ ਉਨ੍ਹਾਂ ਦੇ ਆਪਣੇ ਬੱਚੇ ਕਿੰਨੇ ਸਨ। ਜੇ ਉਹ 10 ਫ਼ੀਸਦੀ ਦੇ ਅਨੁਪਾਤ ਨੂੰ ਵੀ ਬਣਾਈ ਰੱਖਣ, ਤਾਂ ਵਿਚਾਰ ਕਰੋ ਕਿ ਕਿੰਨੇ ਬਪਤਿਸਮੇ ਹੋਣਗੇ!

## ਸਾਰ

ਰਸੂਲਾਂ ਦੇ ਕੰਮ ਕਿਤਾਬ ਕੰਮ ਕਰਨ ਲਈ ਖ਼ੁਦਾ ਦੀ ਬੁਲਾਹਟ ਹੈ। ਇਸ ਵਿਚ ਲਿਖਿਆ ਗਿਆ ਹੈ ਕਿ ਪਹਿਲੀ ਸਦੀ ਵਿਚ ਕਿਵੇਂ ਰਸੂਲਾਂ ਨੇ ਵਚਨ ਨੂੰ ਮੰਨਿਆ, ਪਰ ਇਹ ਹਰ ਚੇਲੇ ਲਈ ਕੰਮ ਕਰਨ ਦੀ ਕਿਸੇ ਵੀ ਵੇਲੇ ਬੁਲਾਹਟ ਹੈ।

ਖ਼ੁਦਾ ਨੂੰ ਹਿੰਮਤੀ ਅਤੇ ਕਲਪਨਾਸ਼ੀਲ ਲੋਕਾਂ ਦੀ ਲੋੜ ਹੈ। ਉਸ ਨੂੰ ਸਮਰਪਿਤ ਅਤੇ ਇਕ ਮਨ ਹਿੰਮਤੀ ਲੋਕਾਂ ਦੀ ਲੋੜ ਹੈ। ਪ੍ਰਭੂ ਨੂੰ ਅਜਿਹੇ ਚੇਲਿਆਂ ਦੀ ਲੋੜ ਹੈ ਜੋ ਦੁਨੀਆਂ ਤੋਂ ਨਾ ਡਰਨ। ਯਿਸੂ ਨੂੰ ਅਜਿਹੇ ਲੋਕਾਂ ਦੀ ਲੋੜ ਹੈ ਜਿਨ੍ਹਾਂ ਦੀਆਂ ਤਰਜੀਹਾਂ ਰੂਹਾਨੀ ਹੋਣ। ਉਹਨੂੰ ਅਜਿਹੇ ਲੋਕਾਂ ਦੀ ਲੋੜ ਹੈ ਜਿਨ੍ਹਾਂ ਦੇ ਮਨ ਸਵਰਗ ਵੱਲ ਲੱਗੇ ਹੋਣ।

ਰਸੂਲਾਂ ਦੇ ਕੰਮ ਕਿਤਾਬ ਪਹਿਲੀ ਸਦੀ ਦੇ ਮਸੀਹੀ ਲੋਕਾਂ ਦੀ ਕਰਮ ਸ਼ਕਤੀ, ਕਾਰਜ, ਉੱਦਮ, ਪੂਰੀ ਕੋਸ਼ਿਸ਼ ਅਤੇ ਹਿੰਮਤ ਦੇ ਇਕ ਚਮਕੀਲੇ ਤਾਰੇ ਯਾਨੀ ਚਮਕਣ ਵਾਲੀ ਯਾਦਗਾਰ ਵਾਂਗ ਹਨ। ਇਸ ਕਿਤਾਬ ਵਿਚ ਵਿਖਾਇਆ ਗਿਆ ਹੈ ਕਿ ਜੇ ਯਿਸੂ ਧਰਤੀ 'ਤੇ ਰਹਿੰਦਾ ਤਾਂ

ਉਹਨੇ ਕੀ ਕਰਨਾ ਸੀ। ਉਹਨੇ ਅਜਿਹਾ ਕੁਝ ਕਰਨਾ ਸੀ ਜਿਹਾ ਉਹਨੇ ਧਰਤੀ 'ਤੇ ਰਹਿੰਦਿਆਂ ਕੀਤਾ ਸੀ ਯਾਨੀ ਹਰ ਕਿਸੇ ਲਈ ਅਤੇ ਉਸ ਨੂੰ ਸੁਣਨ ਵਾਲੇ ਸਭ ਲੋਕਾਂ ਲਈ ਆਸ ਅਤੇ ਮੁਕਤੀ ਲਿਆਉਣੀ ਸੀ। ਯਿਸੂ ''ਪ੍ਰਮੇਸ਼ਵਰ ਦੇ ਸੱਜੇ ਹੱਥ ਕੋਲ ਅੱਤ ਉੱਚਾ ਹੋ ਕੇ'' (ਰਸੂਲਾਂ ਦੇ ਕੰਮ 2:33), ਹੁਣ ਆਪਣੇ ਪੈਰੋਕਾਰਾਂ ਤੋਂ ਇਹ ਉਮੀਦ ਕਰਦਾ ਹੈ ਕਿ ਉਹਦੇ ਕੰਮ ਨੂੰ ਉਹ ਪੂਰਾ ਕਰਨਗੇ। ਉਹ ਸਦੀ ਵਿਚ ਕਲੀਸੀਆ 'ਤੇ ਇੰਜੀਲ ਦੇ ਪ੍ਰਚਾਰ ਲਈ ਉਨ੍ਹਾਂ ਰੂਹਾਂ ਨੂੰ ਜਿੱਤਣ ਵਾਲੀ ਹੋਣ ਦਾ ਭਰੋਸਾ ਕਰਦਾ ਹੈ, ਜਿਨ੍ਹਾਂ ਨੂੰ ਉਹਦੀ ਇੰਜੀਲ ਅਤੇ ਕਿਰਪਾ ਦੀ ਖ਼ੁਸ਼ਖ਼ਬਰੀ ਦੀ ਲੋੜ ਹੈ।

ਰਸੂਲਾਂ ਦੇ ਕੰਮ ਕਿਤਾਬ ਵਿਚ ਉਸ ਗ੍ਰੇਟ ਕਮਿਸ਼ਨ ਦੇ ਨਤੀਜੇ ਵੀ ਮਿਲਦੇ ਹਨ ਜਿਹੜਾ ਯਿਸੂ ਨੇ ਆਪਣੇ ਉੱਪਰ ਉਠਾਏ ਜਾਣ ਤੋਂ ਪਹਿਲਾਂ ਚੇਲਿਆਂ ਨੂੰ ਦਿੱਤਾ ਸੀ (ਮੱਤੀ 28:18-20; ਮਰਕੁਸ 16:15, 16; ਲੂਕਾ 24:44-47)। ਇਸ ਕਰਕੇ ਕਿਸੇ ਵੀ ਪੀੜ੍ਹੀ ਦੇ ਲੋਕ ਜਦ ਇਸ ਨੂੰ ਪੜ੍ਹਦੇ ਹਨ ਤਾਂ ਉਨ੍ਹਾਂ ਲਈ ਇਹ ਜਾਣਨਾ ਸੌਖਾ ਹੋ ਜਾਂਦਾ ਹੈ ਕਿ ਯਿਸੂ ਉਨ੍ਹਾਂ ਤੋਂ ਕੀ ਕਰਵਾਉਣਾ ਚਾਹੁੰਦਾ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਕੀ ਕਰਨਾ ਹੈ* ਯਾਨੀ ਜਾਣਾ, ਸਿੱਖਿਆ ਦੇਣਾ ਅਤੇ ਪ੍ਰਚਾਰ ਕਰਨਾ ਹੀ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਕਿੱਥੇ ਜਾਣਾ ਹੈ* ਯਾਨੀ ਸਭ ਕੌਮਾਂ ਵਿਚ ਜਾਣਾ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਕੀ ਪ੍ਰਚਾਰ ਕਰਨਾ ਹੈ* ਯਾਨੀ ਤੌਬਾ ਅਤੇ ਪਾਪਾਂ ਦੀ ਮਾਫ਼ੀ ਦੀ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰਨਾ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਕਿਸ ਨਾਲ ਸੰਪਰਕ ਕਰਨਾ ਹੈ* ਯਾਨੀ ਪੂਰੀ ਦੁਨੀਆਂ ਦੇ ਲੋਕਾਂ ਨਾਲ ਮਿਲਣਾ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਵਿਸ਼ਵਾਸ ਕਰਨ ਵਾਲਿਆਂ ਦੀ ਕੀ ਕਰਨ ਵਿਚ ਮਦਦ ਕਰਨੀ ਹੈ* ਯਾਨੀ ਮਸੀਹ ਵਿਚ ਬਪਤਿਸਮਾ ਲੈਣ ਵਿਚ ਮਦਦ ਕਰਨੀ ਹੈ। ਇਹ ਜਾਣਨਾ ਔਖਾ ਨਹੀਂ ਹੈ ਕਿ *ਬਪਤਿਸਮਾ ਪਾਏ ਹੋਏ ਬਦਲਣ ਵਾਲਿਆਂ ਨੂੰ ਕੀ ਕਰਨ ਵਿਚ ਮਦਦ ਦਿੱਤੀ ਜਾਵੇ* ਯਾਨੀ ਉਨ੍ਹਾਂ ਸਭ ਹੁਕਮਾਂ ਦਾ ਪਾਲਨ ਕਰਨ ਲਈ ਜਿਨ੍ਹਾਂ ਦਾ ਯਿਸੂ ਨੇ ਹੁਕਮ ਦਿੱਤਾ ਹੈ।

ਆਓ ਰਸੂਲਾਂ ਦੇ ਕੰਮ ਕਿਤਾਬ ਦੇ ਸਾਫ਼ ਸੁਨੇਹੇ ਵੱਲ ਕੰਨ ਲਾਈਏ ਕਿ ਇਹ ਮਸੀਹ ਨਾਲ ਜੁੜੇ ਹਰ ਬੰਦੇ ਨੂੰ ਕੰਮ ਕਰਨ ਲਈ ਬੁਲਾਹਟ ਹੈ।

© 2009 Truth for Today